# ਨਗਰ ਅਤੇ ਗਰਾਮ ਯੋਜਨਾਬੰਦੀ ਵਿਭਾਗ, ਪੰਜਾਬ

ਮੁੱਖ ਨਗਰ ਯੋਜਨਾਕਾਰ, ਪੰਜਾਬ,
ਚੰਡੀਗੜ੍ਹ।

ਸੇਵਾ ਵਿਖੇ

ਜਿਲਾ ਨਗਰ ਯੋਜਨਾਕਾਰ,
ਸੰਗਰੂਰ।

ਯਾਦ ਪੱਤਰ ਨੰ: 6078 ਸੀਟੀਪੀ(ਪਬ)/SP.432(G) ਮਿਤੀ: 17-7-08

**ਵਿਸ਼ਾ: ਰਾਈਸ ਸ਼ੈਲਰਾਂ ਅਤੇ ਭੱਠਿਆਂ ਦੇ ਸੰਬੰਧ ਵਿੱਚ ਪਾਵਰਾਂ ਜਿਲਾ ਪੱਧਰ ਤੇ ਡੈਲੀਗੇਟ ਕਰਨ ਬਾਰੇ**

**ਹਵਾਲਾ: ਆਪ ਜੀ ਦਾ ਯਾਦ ਪੱਤਰ ਨੰ 1284 ਡੀਟੀਪੀ(ਸ)/ਆਰਐਸ -1 ਮਿਤੀ 7-7-08**

2 ਆਪ ਜੀ ਵੱਲੋਂ ਹਵਾਲੇ ਅਧੀਨ ਪੱਤਰ ਰਾਹੀ ਜੋ ਮੁੱਦੇ ਉਠਾਏ ਗਏ ਹਨ ਉਨ੍ਹਾਂ ਸੰਬੰਧੀ ਸਪੱਸ਼ਟੀਕਰਣ ਹੇਠ ਲਿਖੇ ਅਨੁਸਾਰ ਦਿੱਤਾ ਜਾਂਦਾ ਹੈ:-

1 ਮੌਜੂਦਾ ਇਕਾਈ ਨੂੰ ਬੰਦ ਕਰਕੇ ਜੇਕਰ ਉਸ ਥਾਂ ਤੇ ਰਾਈਸ ਸ਼ੈਲਰ ਲਗਾਇਆ ਜਾਣਾ ਹੈ ਤਾਂ ਜੋ ਵੀ ਚਾਰਜ਼ਿਸ ਰਾਈਸ ਸ਼ੈਲਰ ਲਈ ਨਿਰਧਾਰਤ ਹਨ ਲਿੱਤੇ ਜਾਣੇ ਹਨ ਬੇਸਰਤੇ ਕਿ ਸਾਈਟ, ਸਾਈਟ ਗਾਈਡਲਾਈਨਾਂ ਦੀ ਪੂਰਤੀ ਕਰਦੀ ਹੋਵੇ

2. ਜਿੱਥੇ ਤੱਕ ਵਿਸ਼ੇ ਅਧੀਨ ਉਦਯੋਗਿਕ ਯੂਨਿਟ ਦੀ ਥਾਂ ਤੇ ਰਾਈਸ ਸ਼ੈਲਰ ਦੀ ਆਗਿਆ ਦੇਣ ਦਾ ਸੰਬੰਧ ਹੈ ਉਸ ਬਾਰੇ ਸਪੱਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਸਾਈਟ ਪੁਰਾਣੇ ਉਦਯੋਗਿਕ ਯੂਨਿਟ ਹੇਠ ਪੂਰੀ ਨਵੇਂ ਯੂਨਿਟ ਲਈ ਵਰਤੀ ਜਾਣੀ ਹੈ ਅਤੇ ਉਸ ਦੀ ਸਮਰੱਥ ਅਧਿਕਾਰੀ ਵੱਲੋਂ ਕੋਈ ਵੰਡ ਪ੍ਰਵਾਨ ਨਹੀਂ ਕੀਤੀ ਗਈ ਹੈ ਤਾਂ ਪੂਰੇ ਰਕਬੇ ਤੇ ਸਰਕਾਰ ਵੱਲੋਂ ਜਾਰੀ ਨੋਟੀਫੀਕੇਸ਼ਨ ਅਨੁਸਾਰ ਚਾਰਜਿਜ ਲਏ ਜਾਣੇ ਬਣਦੇ ਹਨ ਬੇਸਰਤੇ ਕਿ ਸਾਈਟ ਰਾਈਸ ਸ਼ੈਲਰਾਂ ਸੰਬੰਧੀ ਗਾਈਡਲਾਈਨਾਂ ਦੀ ਪੂਰਤੀ ਕਰਦੀ ਹੋਵੇ

3. ਜਿੱਥੇ ਤੱਕ ਪੰਜਾਬ ਰਿਜ਼ਨਲ ਐਂਡ ਟਾਊਨ ਪਲੈਨਿੰਗ ਡਿਵੈਲਪਮੈਂਟ ਐਕਟ ਅਧੀਨ ਨੋਟੀਫਾਈਡ ਲੋਕਲ ਪਲੈਨਿੰਗ ਏਰੀਏ ਵਿੱਚ ਪੈਦੇ ਰਾਈਸ ਸ਼ੈਲਰ ਦਾ ਸੰਬੰਧ ਹੈ ਇਸ ਬਾਰੇ ਕਲੈਰੀਫੀਕੇਸ਼ਨ ਦਫ਼ਤਰ ਦੇ ਪੱਤਰ ਨੰ: 5976-93-ਸੀਟੀਪੀ (ਪਬ)/ਐਸਪੀ-432(Gen) ਮਿਤੀ 15-7-2008 ਰਾਹੀਂ ਪਹਿਲਾਂ ਹੀ ਜਾਰੀ ਕੀਤੀ ਜਾ ਚੁੱਕੀ ਹੈ।

4. ਜਿੱਥੋਂ ਤੱਕ ਸਾਝੀ ਖੇਵਟ ਹੇਠ ਵੱਖ-2 ਯੂਨਿਟਾਂ ਵੱਲੋਂ ਕੁਝ ਰਕਬੇ ਪ੍ਰਾਪਤ ਕਰਕੇ ਯੂਨਿਟ ਲਗਾਉਣ ਲਈ ਚੇਜ਼ ਆਫ ਲੈ ਡਯੂਸ਼ ਜਾਰੀ ਕਰਨ ਦਾ ਸੰਬੰਧ ਹੈ ਉਸ ਬਾਰੇ ਯੋਗ ਹੋਵੇਗਾ ਕਿ ਸਾਂਝੀ ਖੇਵਟ ਵਿੱਚੋਂ ਬਿਨੇਕਾਰ ਵੱਲੋਂ ਖਰੀਦੇ ਗਏ ਰਕਬੇ ਦੀ ਮੌਕੇ ਤੇ ਨਿਸ਼ਾਨਦੇਹੀ ਕਰਵਾ ਕੇ ਉਸ ਦੀ ਤਸਦੀਕ ਹਲਕਾ ਪਟਵਾਰੀ ਤੋਂ ਕਾਰਵਾਈ ਜਾਵੇ ਅਤੇ ਬਿਨੇਕਾਰ ਵੱਲੋਂ ਇਹ ਅੰਡਰਟੇਕਿੰਗ ਵੀ ਪ੍ਰਾਪਤ ਕੀਤੀ ਜਾਵੇ ਕਿ ਉਹ ਨਿਸ਼ਾਨਦੇਹੀ ਕੀਤੀ ਗਈ ਥਾਂ ਤੋਂ ਇਲਾਵਾ ਕਿਸੇ ਹੋਰ ਤਾਂ ਤੇ ਸਾਂਝੀ ਖੇਵਟ ਦੇ ਏਰੀਏ ਵਿੱਚ ਯੂਨਿਟ ਨਹੀਂ ਲਗਾਏਗਾ ਅਤੇ ਇਸ ਦੀ ਉਲੰਘਣਾ ਕਰਨ ਤੇ ਸੀਐਲਯੂ ਰੱਦ ਸਮਝਿਆ ਜਾਵੇਗਾ। ਜੇਕਰ ਬਿਨੇਕਾਰ ਵੱਲੋਂ ਜਿਸ ਮੰਤਵ ਲਈ ਸੀਐਲਯੂ ਲਿਆ ਗਿਆ ਹੈ ਉਸ ਤੋਂ ਬਿਨਾ ਉਸ ਥਾਂ ਤੇ ਕੋਈ ਹੋਰ ਵਰਤੋਂ ਕੀਤੀ ਜਾਂਦੀ ਹੈ ਤਾਂ ਉਸ ਦੀ ਮੁੜ ਪ੍ਰਵਾਨਗੀ ਸਰਕਾਰ ਤੋਂ ਲਈ ਜਾਵੇ।

ਪਿੱਠ ਅੰਕਣ ਨੰ 6079-97 ਸੀਟੀਪੀ(ਪਬ)/ SP-432(Gen)/SP-452/SP-162/SP-437 ਮਿਤੀ 17-7-08

ਇਸ ਦਾ ਇੱਕ ਉਤਾਰਾ:

1. ਸਮੂਹ ਸੀਨੀਅਰ ਨਗਰ ਯੋਜਨਾਕਾਰ
2. ਸਮੂਹ ਜਿਲਾ ਨਗਰ ਯੋਜਨਾਕਾਰ
3. ਸਮੂਹ ਉਪ ਜਿਲਾ ਨਗਰ ਯੋਜਨਾਕਾਰ

ਨੂੰ ਸੂਚਨਾ ਅਤੇ ਇਸ ਅਨੁਸਾਰ ਕਾਰਵਾਈ ਕਰਨ ਹਿੱਤ ਭੇਜਿਆ ਜਾਂਦਾ ਹੈ।

ਮੁੱਖ ਨਗਰ ਯੋਜਨਾਕਾਰ, ਪੰਜਾਬ,
ਚੰਡੀਗੜ੍ਹ।